**Veer BalDiwas**

**Pradhan Mantri Rashtriya Bal Puraskar Honouring Courage, Encouraging Excellence Beyond Age**

# ਵੀਰ ਬਾਲ ਦਿਵਸ

## ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ ਹਿੰਮਤ ਦਾ ਸਨਮਾਨ, ਉਮਰ ਤੋਂ ਪਰੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ

**ਮੁੱਖ ਗੱਲਾਂ**

- ਵੀਰ ਬਾਲ ਦਿਵਸ ਹਰ ਸਾਲ 26 ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਪੁੱਤਰਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਸ਼ਹਾਦਤ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ।
- ਇਹ ਦਿਨ ਭਾਰਤ ਦੇ ਨੌਜਵਾਨ ਨਾਇਕਾਂ ਦੀ ਹਿੰਮਤ, ਕੁਰਬਾਨੀ ਅਤੇ ਮਿਸਾਲੀ ਕਦਰਾਂ-ਕੀਮਤਾਂ ਦੀ ਯਾਦ ਦਿਵਾਉਂਦਾ ਹੈ।
- ਭਾਰਤ ਦੇ ਰਾਸ਼ਟਰਪਤੀ ਨੇ 5 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਨੂੰ ਬਹਾਦਰੀ, ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਅਤੇ ਕਲਾ ਅਤੇ ਸੱਭਿਆਚਾਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ ਪ੍ਰਦਾਨ ਕੀਤਾ

**ਜਾਣ-ਪਛਾਣ**

ਭਾਰਤ ਸਰਕਾਰ ਹਰ ਸਾਲ 26 ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਸ਼ਹਾਦਤ ਦੀ ਯਾਦ ਵਿੱਚ ਵੀਰ ਬਾਲ ਦਿਵਸ ਮਨਾਉਂਦਾ ਹੈ। ਇਸ ਦਾ ਉਦੇਸ਼ ਦੇਸ਼ ਦੇ ਦੋ ਨੌਜਵਾਨ ਨਾਇਕਾਂ ਦੀ ਬਹਾਦਰੀ ਦਾ ਸਨਮਾਨ ਕਰਨਾ ਅਤੇ ਅੱਜ ਦੇ ਨੌਜਵਾਨਾਂ ਵਿੱਚ ਮਿਸਾਲੀ ਹਿੰਮਤ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਨਾ ਹੈ।

**ਇਤਿਹਾਸਕ ਸੰਦਰਭ**

ਸਿੱਖਾਂ ਦੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਪੁੱਤਰਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਨੂੰ 26 ਦਸੰਬਰ, 1704 ਨੂੰ ਸਰਹਿੰਦ (ਮੌਜੂਦਾ ਫਤਿਹਗੜ੍ਹ ਸਾਹਿਬ, ਪੰਜਾਬ) ਵਿਖੇ ਜ਼ਿੰਦਾ ਇੱਟਾਂ ਨਾਲ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਜ਼ਬਰਦਸਤੀ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇਸ਼ ਲਈ ਵਿਸ਼ਵਾਸ, ਹਿੰਮਤ ਅਤੇ ਨੈਤਿਕ ਤਾਕਤ ਦੇ ਇੱਕ ਸਥਾਈ ਪ੍ਰਤੀਕ ਵਜੋਂ ਖੜ੍ਹੀ ਹੈ। ਇਹ ਸਿੱਖ ਗੁਰੂਆਂ ਦੀ ਵਿਰਾਸਤ, ਉਨ੍ਹਾਂ ਦੀ ਹਿੰਮਤ ਅਤੇ ਸਮਰਪਣ ਦਾ ਇੱਕ ਸਤਿਕਾਰਯੋਗ ਅਤੇ ਪਿਆਰਾ ਪ੍ਰਤੀਕ ਹੈ। ਇੰਨੀ ਛੋਟੀ ਉਮਰ ਵਿੱਚ ਵੀ, ਨੌਜਵਾਨ ਨਾਇਕਾਂ ਨੇ ਬੇਮਿਸਾਲ ਬਹਾਦਰੀ ਨਾਲ ਡਰ ਉੱਤੇ ਸੱਚਾਈ ਅਤੇ ਮਾਣ ਨੂੰ ਚੁਣਿਆ। ਉਨ੍ਹਾਂ ਦੀ ਕੁਰਬਾਨੀ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਅਤੇ ਦੇਸ਼ ਦੀ ਸਮੂਹਿਕ ਇਤਿਹਾਸਕ ਯਾਦ ਵਿੱਚ ਇੱਕ ਕੇਂਦਰੀ ਸਥਾਨ ਰੱਖਦੀ ਹੈ। ਉਨ੍ਹਾਂ ਦੀ ਬਹਾਦਰੀ ਦਾ ਸਨਮਾਨ ਕਰਨ ਅਤੇ ਯਾਦ ਕਰਨ ਲਈ ਇਹ ਦਿਨ ਗੁਰਦੁਆਰਿਆਂ ਵਿੱਚ ਅਰਦਾਸਾਂ ਅਤੇ ਕੀਰਤਨਾਂ ਨਾਲ ਮਨਾਇਆ ਜਾਂਦਾ ਹੈ।

**ਉਦੇਸ਼ ਅਤੇ ਪਾਲਣਾ**



ਆਪਣੀ ਸ਼ੁਰੂਆਤ ਤੋਂ ਹੀ, ਵੀਰ ਬਾਲ ਦਿਵਸ ਦੋ ਨੌਜਵਾਨ ਸ਼ਹੀਦਾਂ ਦੀ ਬਹਾਦਰੀ ਦਾ ਸਨਮਾਨ ਕਰਨ ਅਤੇ ਅੱਜ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਕੁਰਬਾਨੀ ਬਾਰੇ ਜਾਣੂ ਕਰਵਾਉਣ ਲਈ ਪੂਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ। ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ, ਖਾਸ ਕਰਕੇ ਦੇਸ਼ ਭਰ ਦੇ ਸਕੂਲਾਂ ਵਿੱਚ। ਇਨ੍ਹਾਂ ਵਿੱਚ ਲੇਖ ਲਿਖਣਾ, ਕੁਇਜ਼, ਬਹਿਸ, ਕਹਾਣੀ ਸੁਣਾਉਣ ਦੇ ਸੈਸ਼ਨ, ਕਲਾ ਪ੍ਰੋਗਰਾਮ, ਯੁਵਾ ਮਾਰਚ, ਅਤੇ ਜਨਤਕ ਸ਼ਰਧਾਂਜਲੀਆਂ, ਸੱਭਿਆਚਾਰਕ ਪ੍ਰਦਰਸ਼ਨ, ਅਤੇ ਹੋਰ ਯੁਵਾ-ਕੇਂਦ੍ਰਿਤ ਗਤੀਵਿਧੀਆਂ ਸ਼ਾਮਲ ਹਨ ਜੋ ਦਿਨ ਦੇ ਭਾਗੀਦਾਰੀ ਅਤੇ ਸਮਾਵੇਸ਼ੀ ਸੁਭਾਅ ਨੂੰ ਉਜਾਗਰ ਕਰਦੀਆਂ ਹਨ। ਇਨ੍ਹਾਂ ਸਮਾਗਮਾਂ ਵਿੱਚ ਇਤਿਹਾਸਕ ਕੁਰਬਾਨੀ ਨੂੰ ਸਮਕਾਲੀ ਨਾਗਰਿਕ ਮੁੱਲਾਂ ਨਾਲ ਜੋੜਨ ਵਾਲੇ ਸ਼ਰਧਾਂਜਲੀਆਂ ਅਤੇ ਭਾਸ਼ਣ ਵੀ ਸ਼ਾਮਲ ਹਨ। ਇਹ ਸਮਾਗਮ ਭਾਰਤ ਦੇ ਨੌਜਵਾਨਾਂ ਦੀ ਅਸਾਧਾਰਨ ਪ੍ਰਤਿਭਾ, ਰਚਨਾਤਮਕਤਾ ਅਤੇ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕਰਨ ਅਤੇ ਦਿਖਾਉਣ ਲਈ ਇੱਕ ਪਲੈਟਫਾਰਮ ਵਜੋਂ ਕੰਮ ਕਰਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਮੌਕੇ 'ਤੇ ਪਹੁੰਚੇ, ਦੇਸ਼ ਦੇ ਉੱਜਵਲ ਭਵਿੱਖ ਦੀ ਨੀਂਹ ਵਜੋਂ ਬੱਚਿਆਂ ਦੇ ਸਸ਼ਕਤੀਕਰਨ ਦੀ ਮਹੱਤਤਾ ਦੀ ਪੁਸ਼ਟੀ ਕੀਤੀ।

ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ (PMRBP)

ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ (PMRBP) ਇੱਕ ਵੱਕਾਰੀ ਰਾਸ਼ਟਰੀ ਪੱਧਰ ਦਾ ਪੁਰਸਕਾਰ ਹੈ ਜੋ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦੁਆਰਾ ਹਰ ਸਾਲ ਕਈ ਖੇਤਰਾਂ ਵਿੱਚ ਬੱਚਿਆਂ (18 ਸਾਲ ਤੋਂ ਘੱਟ) ਦੀਆਂ ਅਸਧਾਰਨ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਦਿੱਤਾ ਜਾਂਦਾ ਹੈ।



ਇਹ ਪੁਰਸਕਾਰ ਛੇ ਸ਼੍ਰੇਣੀਆਂ ਵਿੱਚ ਨੌਜਵਾਨ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਸਨਮਾਨਿਤ ਕਰਦਾ ਹੈ : ਬਹਾਦਰੀ, ਸਮਾਜ ਸੇਵਾ, ਵਾਤਾਵਰਣ, ਖੇਡਾਂ, ਕਲਾ ਅਤੇ ਸੱਭਿਆਚਾਰ, ਅਤੇ ਵਿਗਿਆਨ ਅਤੇ ਤਕਨਾਲੋਜੀ। ਇਸ ਦਾ ਉਦੇਸ਼ ਰਾਸ਼ਟਰੀ ਪੱਧਰ 'ਤੇ ਵਿਭਿੰਨ ਖੇਤਰਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਨੂੰ ਸਵੀਕਾਰ ਕਰਕੇ ਬੱਚਿਆਂ ਦਾ ਜਸ਼ਨ ਮਨਾਉਣਾ, ਉਤਸ਼ਾਹਿਤ ਕਰਨਾ ਅਤੇ ਪ੍ਰੇਰਿਤ ਕਰਨਾ ਹੈ। ਇਸ ਦਾ ਉਦੇਸ਼ ਅਸਲ-ਜੀਵਨ ਦੇ ਰੋਲ ਮਾਡਲਾਂ ਨੂੰ ਪ੍ਰਦਰਸ਼ਿਤ ਕਰਕੇ ਦੇਸ਼ ਭਰ ਦੇ ਸਾਥੀਆਂ ਨੂੰ ਪ੍ਰੇਰਿਤ ਕਰਨਾ ਵੀ ਹੈ। ਪ੍ਰਭਾਵਸ਼ਾਲੀ ਯਤਨਾਂ ਨੂੰ ਉਜਾਗਰ ਕਰਕੇ, ਇਹ ਪੁਰਸਕਾਰ ਨਵੀਨਤਾ, ਸੇਵਾ ਅਤੇ ਲਗਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦਾ ਹੈ। ਇਸ ਪਹਿਲਕਦਮੀ ਰਾਹੀਂ, ਭਾਰਤ ਸਰਕਾਰ ਬਾਲ ਭਲਾਈ, ਸੰਪੂਰਨ ਵਿਕਾਸ ਅਤੇ ਨੌਜਵਾਨ ਪ੍ਰਾਪਤੀਆਂ ਕਰਨ ਵਾਲਿਆਂ ਵਿੱਚ ਰਾਸ਼ਟਰੀ ਮਾਣ ਦੇ ਪਾਲਣ-ਪੋਸ਼ਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀਹੈ।

ਯੋਗਤਾ ਮਾਪਦੰਡ

ਇਹ ਪੁਰਸਕਾਰ ਭਾਰਤ ਵਿੱਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ ਅਤੇ ਦਿੱਤੇ ਗਏ ਸਾਲ ਦੀ 31 ਜੁਲਾਈ ਤੱਕ 5 ਤੋਂ 18 ਸਾਲ ਦੇ ਵਿਚਕਾਰ ਹੁੰਦਾ ਹੈ । ਜਿਸ ਕਾਰਜ, ਘਟਨਾ ਜਾਂ ਪ੍ਰਾਪਤੀ ਲਈ ਉਨ੍ਹਾਂ ਨੂੰ ਨਾਮਜ਼ਦ ਕੀਤਾ ਜਾ ਰਿਹਾ ਹੈ ਉਹ ਅਰਜ਼ੀ ਦੀ ਆਖਰੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਵਾਪਰਿਆ ਹੋਣਾ ਚਾਹੀਦਾ ਹੈ।



## ਨਾਮਜ਼ਦਗੀ ਅਤੇ ਚੋਣ

ਇਹ ਚੋਣ ਪੀਐੱਮਆਰਬੀਪੀ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਜੋ ਕਿ ਮਾਨਯੋਗ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਦੁਆਰਾ ਗਠਿਤ ਕੀਤੀ ਗਈ ਹੈ ਅਤੇ ਸਕੱਤਰ, ਐੱਮਡਬਲਿਊਸੀਡੀ ਦੀ ਪ੍ਰਧਾਨਗੀ ਹੇਠ ਹੁੰਦੀ ਹੈ, ਜਿਸ ਵਿੱਚ ਡੋਮੇਨ ਮਾਹਰ ਮੈਂਬਰ ਹੁੰਦੇ ਹਨ। ਪੁਰਸਕਾਰ ਸਿਰਫ਼ ਕਮੇਟੀ ਦੀ ਸਿਫ਼ਾਰਸ਼ 'ਤੇ ਹੀ ਦਿੱਤੇ ਜਾਂਦੇ ਹਨ, ਜੋ ਕਿ ਪ੍ਰਾਪਤੀਆਂ ਦੇ ਅਸਾਧਾਰਨ ਯੋਗਤਾ ਅਤੇ ਸਮਾਜਿਕ ਪ੍ਰਭਾਵ ਦੇ ਅਧਾਰ 'ਤੇ ਹੁੰਦੇ ਹਨ,ਅਤੇ ਮਾਨਯੋਗ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਦੁਆਰਾ ਮਨਜ਼ੂਰ ਕੀਤੇ ਜਾਂਦੇ ਹਨ।

## ਪੁਰਸਕਾਰਾਂ ਦੀ ਗਿਣਤੀ

ਹਰ ਸਾਲ ਵੱਧ ਤੋਂ ਵੱਧ 25 ਪੁਰਸਕਾਰ ਦਿੱਤੇ ਜਾਂਦੇ ਹਨ। PMRBP ਕਮੇਟੀ ਅਸਧਾਰਨ ਮਾਮਲਿਆਂ ਵਿੱਚ ਇਸ ਸੀਮਾ ਵਿੱਚ ਢਿੱਲ ਦੇ ਸਕਦੀ ਹੈ। ਹਰੇਕ ਪੁਰਸਕਾਰ ਵਿੱਚ ਇੱਕ ਮੈਡਲ ਅਤੇ ਇੱਕ ਸਰਟੀਫਿਕੇਟ ਹੁੰਦਾ ਹੈ।

## ਮਰਨ ਉਪਰੰਤ ਪੁਰਸਕਾਰ

ਇਹ ਪੁਰਸਕਾਰ ਆਮ ਤੌਰ 'ਤੇ ਮਰਨ ਉਪਰੰਤ ਨਹੀਂ ਦਿੱਤਾ ਜਾਂਦਾ। ਹਾਲਾਂਕਿ, ਬਹੁਤ ਘੱਟ ਅਤੇ ਬਹੁਤ ਹੀ ਯੋਗ ਮਾਮਲਿਆਂ ਵਿੱਚ, PMRBP ਕਮੇਟੀ ਮਰਨ ਉਪਰੰਤ ਸਨਮਾਨ 'ਤੇ ਵਿਚਾਰ ਕਰ ਸਕਦੀ ਹੈ।

ਵੀਰ ਬਾਲ ਦਿਵਸ ਅਤੇ ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ ਸਮਾਗਮ 2025

ਇਸ ਸਾਲ 18 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 20 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ ਲਈ ਚੁਣਿਆ ਗਿਆ ਹੈ। ਇਹ ਪੁਰਸਕਾਰ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਦੁਆਰਾ 26 ਦਸੰਬਰ 2025 ਨੂੰ ਸਵੇਰੇ 10:00 ਵਜੇ ਵਿਗਿਆਨ ਭਵਨ, ਨਵੀਂ ਦਿੱਲੀ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਪ੍ਰਦਾਨ ਕੀਤੇ ਗਏ।

26 ਦਸੰਬਰ 2025 ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਵੀਰ ਬਾਲ ਦਿਵਸ 2025 ਦਾ ਇੱਕ ਰਾਸ਼ਟਰੀ ਪੱਧਰੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਭਾਰਤ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਸੰਬੋਧਨ ਕੀਤਾ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਪ੍ਰੋਗਰਾਮ ਨੇ ਬਹਾਦਰੀ, ਲਚਕੀਲੇਪਣ ਅਤੇ ਨਿਰਸਵਾਰਥ ਸੇਵਾ ਦੀਆਂ ਕਹਾਣੀਆਂ ਨੂੰ ਉਜਾਗਰ ਕੀਤਾ, ਬੱਚਿਆਂ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਅਤੇ ਵਿਕਸਿਤ ਭਾਰਤ@2047 ਦੇ ਅਨੁਸਾਰ ਸਸ਼ਕਤ ਅਤੇ ਜ਼ਿੰਮੇਵਾਰ ਨਾਗਰਿਕਾਂ ਦੀ ਭੂਮਿਕਾ ਲਈ ਭਾਰਤ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਸਕੂਲੀ ਬੱਚੇ, ਪੀਐੱਮਆਰਬੀਪੀ ਪੁਰਸਕਾਰ ਜੇਤੂ, ਅਤੇ ਦੇਸ਼ ਭਰ ਦੇ ਪਤਵੰਤੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਹੇਠਾਂ PMRBP 2025 ਪੁਰਸਕਾਰ ਜੇਤੂਆਂ ਦੀ ਸੂਚੀ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਪੁਰਸਕਾਰ ਸ਼੍ਰੇਣੀਆਂ ਦੇ ਨਾਲ ਹੈ।

| S. No. | Name & Place | Age | About the Awardees |
|---|---|---|---|
| **Bravery** | | | |
| 1 | Vyoma Priya (Posthumous)<br>Coimbatore, TN | 9 years | Lost her young life while selflessly trying to save a six-year-old child during an electrical accident, displaying extraordinary courage beyond her years. |
| 2 | Kamlesh Kumar (Posthumous)<br>Kaimur, Bihar | 11 years | Gave up his life in a brave and instinctive attempt to rescue another child from drowning. |
| 3 | Muhammed Sidan P<br>Palakkad, Kerala | 11 years | Acted without fear to save two of his friends from electrocution, putting their lives above his own safety. |
| 4 | Ajay Raj<br>Agra, UP | 9 years | Showed remarkable fearlessness by saving his father from a crocodile attack near their village river. |
| **Art and Culture** | | | |

| | | | |
|---|---|---|---|
| 5 | Esther Lalduhawmi Hnamte<br>Lunglei, Mizoram | 9 years | Touched millions across the country with her heartfelt renditions of patriotic songs, inspiring national pride through her young voice. |
| 6 | Suman Sarkar<br>Nadia, WB | 16 years | A gifted tabla prodigy whose exceptional talent has earned him admiration and accolades on the global stage. |
| **Environment** | | | |
| 7 | Pooja<br>Barabanki, UP | 17 years | Driven by concern for her surroundings, she created an innovative machine to reduce agricultural dust and air pollution. |
| **Social Service** | | | |
| 8 | Shvan Singh<br>Ferozepur, Punjab | 10 years | Displayed rare courage during Operation Sindoor by carrying out dangerous supply runs to support frontline soldiers. |
| 9 | Vansh Tayal<br>Chandigarh | 17 years | Despite early hardships, he chose compassion over comfort and dedicated himself to the rehabilitation of children, including those with special needs. |
| **Science and Technology** | | | |
| 10 | Aishi Prisha Borah<br>Jorhat, Assam | 14 years | Inspired by sustainability, she promotes eco-friendly practices such as natural farming and innovative mulching techniques. |
| 11 | Arnav Anupriya Maharshi<br>Aurangabad, Maharashtra | 17 years | A young divyang innovator who turned personal challenges into purpose by developing an AI-based rehabilitation tool for hand paralysis. |

| Sports | | | |
|---|---|---|---|
| 12 | Shivani Hosuru Uppara<br>Annamayya, Andhra Pradesh | 17 years | A determined divyang para-athlete who has brought pride to the nation through her achievements in shot put and javelin. |
| 13 | Vaibhav Sooryavanshi<br>Samastipur, Bihar | 14 years | A cricket sensation whose record-breaking performances have made him the youngest IPL player and fastest Indian centurion in the league. |
| 14 | Yogita Mandavi<br>Kondagaon, Chattisgarh | 14 years | Rising from a naxal-affected region, she overcame immense challenges to become a national-level Khelo India judoka. |
| 15 | Vaka Lakshmi Pragnika<br>Surat, Gujarat | 7 years | A young chess prodigy who stunned the world by becoming Under-7 World Champion with a flawless 9/9 score. |
| 16 | Jyoti<br>Sirsa, Haryana | 17 years | An inspiring international para-athlete whose medal-winning performances reflect resilience, strength, and determination. |
| 17 | Anushka Kumari<br>Ranchi, Jharkhand | 14 years | One of only five girls from Jharkhand selected for the Indian Under-17 Women's Football Team, known for her consistent goal-scoring ability. |
| 18 | Dhinidhi Desinghu<br>Bengaluru, Karnataka | 15 years | A promising swimmer who has made India proud on the global stage and became one of the youngest Indians to compete at the Paris 2024 Olympics. |
| 19 | Jyoshna Sabar<br>Gajapati, Odisha | 16 years | A powerful young weightlifter who set a Youth Asian record and continues to bring international medals home for India. |

| | | | |
|---|---|---|---|
| 20 | Vishwanath Karthikey Padakanti<br><br>Medchal-Malkajgiri, Telangan | 16 years | A fearless mountaineer who conquered the world's highest peaks, becoming the youngest to complete the Seven Summits Challenge. |

ਸਿੱਟਾ

ਵੀਰ ਬਾਲ ਦਿਵਸ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਨੂੰ ਸੰਸਥਾਗਤ ਬਣਾਉਣ ਅਤੇ ਇਤਿਹਾਸਕ ਯਾਦ ਨੂੰ ਸਮਕਾਲੀ ਪ੍ਰੇਰਨਾ ਦੇ ਸਰੋਤ ਵਿੱਚ ਅਨੁਵਾਦ ਕਰਨ ਲਈ ਇੱਕ ਮਹੱਤਵਪੂਰਨ ਰਾਸ਼ਟਰੀ ਪਹਿਲਕਦਮੀ ਨੂੰ ਦਰਸਾਉਂਦਾ ਹੈ। 26 ਦਸੰਬਰ ਨੂੰ ਹਰ ਸਾਲ ਮਨਾਇਆ ਜਾਣ ਵਾਲਾ, ਇਹ ਦਿਨ ਭਾਰਤ ਸਰਕਾਰ ਦੀਆਂ ਕਦਰਾਂ-ਕੀਮਤਾਂ ਅਧਾਰਿਤ ਸਿੱਖਿਆ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਇਤਿਹਾਸਕ ਚੇਤਨਾ ਦੀ ਸੰਭਾਲ 'ਤੇ ਜ਼ੋਰ ਨੂੰ ਦਰਸਾਉਂਦਾ ਹੈ। ਤਾਲਮੇਲ ਵਾਲੇ ਰਾਸ਼ਟਰੀ ਸਮਾਗਮਾਂ ਅਤੇ ਸਕੂਲ-ਪੱਧਰ ਦੀ ਵਿਆਪਕ ਭਾਗੀਦਾਰੀ ਰਾਹੀਂ, ਵੀਰ ਬਾਲ ਦਿਵਸ ਇੱਕ ਸ਼ਰਧਾਂਜਲੀ ਅਤੇ ਇੱਕ ਅਗਾਂਹਵਧੂ ਪਹਿਲਕਦਮੀ ਵਜੋਂ ਉਭਰਿਆ ਹੈ ਜਿਸਦਾ ਉਦੇਸ਼ ਭਵਿੱਖ ਦੀਆਂ ਪੀੜ੍ਹੀਆਂ ਵਿੱਚ ਹਿੰਮਤ, ਇਮਾਨਦਾਰੀ ਅਤੇ ਨੈਤਿਕ ਤਾਕਤ ਨੂੰ ਪੋਸ਼ਣ ਦੇਣਾ ਹੈ।

ਹਵਾਲੇ


ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ

https://www.google.com/url?sa=t&source=web&rct=j&opi=89978449&url=https://cdnbbsr.s3waas.gov.in/s371e09b16e21f7b6919bbfc43f6a5b2f0/uploads/2025/05/20250524679249072.pdf&ved=2ahUKEwiasKqkktORAxU22TgGHS1AM3AQFnoECDMQAQ&usg=AOvVaw2WRZpS6y96_70GdCW5sgZL

https://www.google.com/url?sa=t&source=web&rct=j&opi=89978449&url=https://gurunanakcollege.edu.in/2024/1/2/The%2520Four%2520Sahibzadas%2520English.pdf&ved=2ahUKEwijttCq9MORAxWR7jgGHXK1FswQFnoECEUQAQ&usg=AOvVaw2LbXKeZue50Pn425qve8aI

ਅੰਮ੍ਰਿਤ ਕਾਲ

https://amritkaal.nic.in/event-detail?183731

https://www.mygov.in/task/martyrdom-brave-sons-guru-govind-singh-ji-essay-contest/

ਪੀ.ਆਈ.ਬੀ.
https://www.pib.gov.in/PressReleseDetailm.aspx?PRID=1990383&reg=3&lang=2

https://www.pib.gov.in/PressReleasePage.aspx?PRID=1991884&reg=3&lang=2https://www.pib.gov.in/PressReleaseIframePage.aspx?PRID=1881187&reg=3&lang=2

ਪੀਡੀਐੱਫ ਫਾਈਲ ਲਈ ਇੱਥੇ ਕਲਿੱਕ ਕਰੋ।

**

ਪੀਆਈਬੀ ਰਿਸਰਚ

(Backgrounder ID: 156743)